DSHS
WASHINGTON STATE Department of Social and Health Services

ਰੈਜ਼ੀਡੈਂਸ਼ੀਅਲ ਕੇਅਰ ਸਰਵਿਸਿਜ਼ (RCS)

ਅਡਲਟ ਫੈਮਲੀ ਹੋਮ (AFH) • ਅਸਿਸਟਡ ਲਿਵਿੰਗ ਫੈਸਿਲਿਟੀ (ALF) • ਇਨਹਾਂਸਡ ਸਰਵਿਸਿਜ਼ ਫੈਸਿਲਿਟੀਜ਼ (ESF)

ਤਬਾਦਲੇ ਜਾਂ ਛੁੱਟੀ ਦਾ ਨੋਟਿਸ

Notice of Transfer or Discharge

ਇਹ ਫਾਰਮ RCW 70.129.110 ਅਤੇ WACs 388-76-10616, 388-76-10617, 388-78A-2660, 388-78A-2661, 388-107-0280, ਅਤੇ 388-107-0281 ਦੇ ਅਨੁਸਾਰ AFH, ALF, ਜਾਂ ESF ਦੁਆਰਾ ਸ਼ੁਰੂ ਕੀਤੇ ਗਏ ਤਬਾਦਲੇ ਜਾਂ ਛੁੱਟੀ ਦੇ ਨੋਟਿਸ ਦੀ ਲੋੜ ਨੂੰ ਪੂਰਾ ਕਰਨ ਲਈ ਵਰਤਿਆ ਜਾ ਸਕਦਾ ਹੈ। ਇਸ ਨੋਟਿਸ ਦੀ ਪ੍ਰਭਾਵੀ ਮਿਤੀ ਨੋਟਿਸ ਦਿੱਤੇ ਜਾਣ ਦੀ ਮਿਤੀ ਤੋਂ ਘੱਟੋ-ਘੱਟ 30 ਦਿਨ ਬਾਅਦ ਹੋਣੀ ਚਾਹੀਦੀ ਹੈ, ਜਦੋਂ ਤੱਕ ਕਿ RCW 70.129.110(4) ਦੇ ਅਧੀਨ ਕੋਈ ਛੋਟ ਲਾਗੂ ਨਾ ਹੁੰਦੀ ਹੋਵੇ।

ਨੋਟਿਸ: ☐ ਤਬਾਦਲਾ (**Transfer**) ☐ ਛੁੱਟੀ (**Discharge**)

ਨਿਵਾਸੀ ਦਾ ਨਾਂ	ACES ID (ਸਿਰਫ਼ Medicaid)
AFH / ALF / ESF ਨਾਂ	
ਇਹ ਨੋਟਿਸ ਤੁਹਾਨੂੰ ਇਹ ਸੂਚਿਤ ਕਰਨ ਲਈ ਹੈ ਕਿ AFH / ALF / ESF ਤੁਹਾਨੂੰ ਤਬਦੀਲ ਕਰਨ ਜਾਂ ਛੁੱਟੀ ਦੇਣ ਦਾ ਇਰਾਦਾ ਰੱਖਦਾ ਹੈ। ਜੇਕਰ ਤੁਹਾਨੂੰ ਇਹ ਫਾਰਮ ਸਮਝ ਨਹੀਂ ਆਉਂਦਾ ਹੈ, ਤਾਂ ਫੈਸਿਲਿਟੀ ਜਾਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਸਮਝਾਉਣ ਲਈ ਕਹੋ। ਕਿਰਪਾ ਕਰਕੇ ਦੂਜੇ ਪੰਨੇ 'ਤੇ "ਤੁਹਾਡੇ ਅਧਿਕਾਰ ਅਤੇ ਸਰੋਤ" ਦੇ ਅਧੀਨ ਦਿੱਤੀ ਜਾਣਕਾਰੀ ਨੂੰ ਪੜ੍ਹੋ।	
AFH / ALF / ESF ਦਾ ਪਤਾ ਜਿੱਥੋਂ ਤਬਾਦਲਾ ਜਾਂ ਛੁੱਟੀ ਕੀਤੀ ਜਾ ਰਹੀ ਹੈ:	ਤਬਾਦਲੇ ਦੀ ਪ੍ਰਭਾਵੀ ਮਿਤੀ
ਜਿਸ ਥਾਂ 'ਤੇ ਤਬਾਦਲਾ ਜਾਂ ਛੁੱਟੀ ਕੀਤੀ ਜਾ ਰਹੀ ਹੈ: ਨਾਂ ਅਤੇ ਪਤਾ	ਫੋਨ

ਤਬਾਦਲੇ ਜਾਂ ਛੁੱਟੀ ਦੇ ਕਾਰਨ (ਜੇਕਰ ਲੋੜ ਹੋਵੇ, ਤਾਂ ਵਧੇਰੇ ਜਾਣਕਾਰੀ ਜੋੜਨ ਲਈ ਇੱਕ ਵੱਖਰੀ ਸ਼ੀਟ ਨੱਥੀ ਕਰੋ):

- ☐ ਤਬਾਦਲਾ ਜਾਂ ਛੁੱਟੀ ਨਿਵਾਸੀ ਦੀ ਭਲਾਈ ਲਈ ਜ਼ਰੂਰੀ ਹੈ ਅਤੇ ਫੈਸਿਲਿਟੀ ਵਿੱਚ ਨਿਵਾਸੀ ਦੀਆਂ ਲੋੜਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ।
- ☐ ਫੈਸਿਲਿਟੀ ਵਿੱਚ ਵਿਅਕਤੀਆਂ ਦੀ ਸੁਰੱਖਿਆ ਖਤਰੇ ਵਿੱਚ ਹੈ।
- ☐ ਨਹੀਂ ਤਾਂ ਫੈਸਿਲਿਟੀ ਵਿੱਚ ਵਿਅਕਤੀਆਂ ਦੀ ਸਿਹਤ ਖਤਰੇ ਵਿੱਚ ਪੈ ਜਾਵੇਗੀ।
- ☐ ਨਿਵਾਸੀ ਆਪਣੇ ਰਹਿਣ ਲਈ ਲੋੜੀਂਦੀ ਅਦਾਇਗੀ ਕਰਨ ਵਿੱਚ ਅਸਫਲ ਰਿਹਾ ਹੈ।
- ☐ ਫੈਸਿਲਿਟੀ ਕੰਮ ਕਰਨਾ ਬੰਦ ਕਰ ਦਿੰਦੀ ਹੈ।

ਤਬਾਦਲੇ ਜਾਂ ਛੁੱਟੀ ਦੀ ਕਾਰਵਾਈ ਦੇ ਸਮਰਥਨ ਵਿੱਚ ਸੰਖੇਪ ਵਿਆਖਿਆ:

ਨੋਟਿਸ ਕਿਸ ਦੁਆਰਾ ਦਿੱਤਾ ਗਿਆ:		ਨੋਟਿਸ ਕਿਸ ਦੁਆਰਾ ਪ੍ਰਾਪਤ ਕੀਤਾ ਗਿਆ (ਵਿਕਲਪਿਕ):	
ਪ੍ਰੋਵਾਈਡਰ / ਐਡਮਿਨਿਸਟ੍ਰੇਟਰ ਦਾ ਨਾਂ	ਮਿਤੀ	ਨਿਵਾਸੀ / ਪ੍ਰਤੀਨਿਧੀ ਦੇ ਦਸਤਖਤ	ਮਿਤੀ

ਨੋਟਿਸ ਦੀ ਵੰਡ

ਫੈਸਿਲਿਟੀ ਨੂੰ ਇਸ ਨੋਟਿਸ ਦੀ ਇੱਕ ਕਾਪੀ ਨਿਵਾਸੀ ਅਤੇ ਨਿਵਾਸੀ ਦੇ ਪ੍ਰਤੀਨਿਧੀ ਨੂੰ ਲਾਜ਼ਮੀ ਦੇਣੀ ਚਾਹੀਦੀ ਹੈ, ਜੇਕਰ ਨਿਵਾਸੀ ਦਾ ਕੋਈ ਪ੍ਰਤੀਨਿਧੀ ਹੈ।

Medicaid (ਮੈਡੀਕੇਡ) ਵਾਲੇ ਨਿਵਾਸੀਆਂ ਲਈ, ਫੈਸਿਲਿਟੀ ਨੂੰ ਤਿੰਨ ਕੈਲੰਡਰ ਦਿਨਾਂ ਦੇ ਅੰਦਰ ਨੋਟਿਸ ਦੀ ਇੱਕ ਕਾਪੀ ਇਹਨਾਂ ਨੂੰ ਵੀ ਪ੍ਰਦਾਨ ਕਰਨੀ ਚਾਹੀਦੀ ਹੈ:

- ਲੌਂਗ-ਟਰਮ ਕੇਅਰ ਓਮਬਡਸਮੈਨ ਪ੍ਰੋਗਰਾਮ (Long-Term Care Ombudsman Program): ਈਮੇਲ: Discharges@mschelps.org ਜਾਂ ਈ-ਫੈਕਸ (253) 216-3699
- DSHS ਕੇਸ ਮੈਨੇਜਰ: (855) 635-8305 'ਤੇ ਫੈਕਸ ਰਾਹੀਂ ਭੇਜੋ, DMS ਨੂੰ PO Box 45826 Olympia, WA 98599-5826 'ਤੇ ਡਾਕ ਰਾਹੀਂ ਭੇਜੋ, ਜਾਂ hclantd@dshs.wa.gov 'ਤੇ PDF (ਪ੍ਰਤੀ ਈਮੇਲ ਇੱਕ ਫ਼ਾਈਲ) ਈਮੇਲ ਕਰੋ।

ਮਹੱਤਵਪੂਰਨ ਅਧਿਕਾਰਾਂ ਅਤੇ ਸਰੋਤਾਂ ਲਈ ਹੇਠਾਂ ਦਿੱਤੀ ਜਾਣਕਾਰੀ ਪੜ੍ਹੋ।

ਤੁਹਾਡੇ ਅਧਿਕਾਰ ਅਤੇ ਸਰੋਤ: ਸਾਰੇ ਨਿਵਾਸੀ

ਵਾਸ਼ਿੰਗਟਨ ਸਟੇਟ ਓਮਬਡਸ (Washington state ombuds):

ਇਸ ਨੋਟਿਸ ਬਾਰੇ ਸਹਾਇਤਾ ਅਤੇ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਲੌਂਗ-ਟਰਮ ਕੇਅਰ ਓਮਬਡਸ ਨਾਲ ਟੋਲ-ਫ੍ਰੀ ਨੰਬਰ 1-800-562-6028 'ਤੇ ਜਾਂ ਈਮੇਲ ltcop@mschelps.org ਰਾਹੀਂ ਸੰਪਰਕ ਕਰੋ। ਵਾਸ਼ਿੰਗਟਨ ਲੌਂਗ-ਟਰਮ ਕੇਅਰ ਓਮਬਡਸਮੈਨ ਪ੍ਰੋਗਰਾਮ 1200 S. 336th Street Federal Way, WA 98003 ਵਿਖੇ ਸਥਿਤ ਹੈ। ਤੁਸੀਂ ਉਹਨਾਂ ਦੀ ਪ੍ਰੋਗਰਾਮ ਵੈੱਬਸਾਈਟ: www.waombudsman.org 'ਤੇ "Find an Ombuds" ਦੇ ਅਧੀਨ ਆਪਣੇ ਸਥਾਨਕ ਓਮਬਡਸ ਵਿਅਕਤੀ ਨੂੰ ਲੱਭ ਸਕਦੇ ਹੋ।

ਡਿਸਏਬਿਲਿਟੀ ਰਾਈਟਸ ਵਾਸ਼ਿੰਗਟਨ (Disability rights Washington):

ਜੇਕਰ ਤੁਹਾਨੂੰ ਮਾਨਸਿਕ ਬਿਮਾਰੀ ਜਾਂ ਬੌਧਿਕ ਅਪੰਗਤਾ ਦਾ ਨਿਦਾਨ ਮਿਲਿਆ ਹੈ, ਤਾਂ ਤੁਸੀਂ ਡਿਸਏਬਿਲਿਟੀ ਰਾਈਟਸ ਵਾਸ਼ਿੰਗਟਨ 1-800-562-2702 ਜਾਂ (206) 324-1521 'ਤੇ ਸੰਪਰਕ ਕਰ ਸਕਦੇ ਹੋ। ਤੁਸੀਂ (206) 957-0729 'ਤੇ ਫੈਕਸ, info@dr-wa.org 'ਤੇ ਈਮੇਲ ਜਾਂ Disability Rights Washington, 315 5th Ave S, Suite 850, Seattle WA, 98104 'ਤੇ ਡਾਕ ਦੁਆਰਾ ਵੀ ਆਪਣੀ ਬੇਨਤੀ ਲਿਖਤੀ ਰੂਪ ਵਿੱਚ ਕਰ ਸਕਦੇ ਹੋ।

DSHS ਹੋਮ ਐਂਡ ਕਮਿਊਨਿਟੀ ਲਿਵਿੰਗ ਐਡਮਿਨਿਸਟ੍ਰੇਸ਼ਨ (HCLA):

ਤੁਹਾਡੇ ਕੋਲ 1-800-562-6078 'ਤੇ ਜਾਂ https://www.dshs.wa.gov/altsa/home-and-community-services/report-concerns-involving-vulnerable-adults 'ਤੇ ਔਨਲਾਈਨ ਸ਼ਿਕਾਇਤ ਨਿਵਾਰਣ ਯੂਨਿਟ (CRU) ਕੋਲ ਸ਼ਿਕਾਇਤ ਕਰਨ ਦਾ ਅਧਿਕਾਰ ਹੈ।

ਹੇਠਾਂ ਦਿੱਤਾ ਨੋਟਿਸ ਸਿਰਫ਼ ਉਹਨਾਂ ਨਿਵਾਸੀਆਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦੀ ਦੇਖਭਾਲ ਦਾ ਭੁਗਤਾਨ **Medicaid** ਰਾਹੀਂ ਕੀਤਾ ਜਾਂਦਾ ਹੈ:

ਸਿਰਫ਼ **Medicaid** (ਮੈਡੀਕੇਡ) ਵਾਲੇ ਨਿਵਾਸੀ

ਕਾਨੂੰਨੀ ਸਲਾਹ:

ਜੇਕਰ ਤੁਸੀਂ Medicaid ਪ੍ਰਾਪਤ ਕਰਦੇ ਹੋ, ਤਾਂ ਤੁਹਾਡੇ ਕੋਲ ਤਬਾਦਲੇ ਜਾਂ ਛੁੱਟੀ ਦੇ ਨੋਟਿਸ ਦਾ ਜਵਾਬ ਦੇਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਮੁਫਤ ਵਕੀਲ ਦਾ ਅਧਿਕਾਰ ਹੈ। ਜੇਕਰ ਤੁਸੀਂ ਆਪਣੀ ਮਦਦ ਲਈ ਇੱਕ ਮੁਫਤ ਵਕੀਲ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਲੌਂਗ-ਟਰਮ ਕੇਅਰ ਡਿਸਚਾਰਜ ਡਿਫੈਂਸ ਸਕ੍ਰੀਨਿੰਗ ਲਾਈਨ ਨੂੰ 888-437-0017 'ਤੇ ਕਾਲ ਕਰੋ। ਕਿਰਪਾ ਕਰਕੇ ਨੋਟ ਕਰੋ ਕਿ ਵਕੀਲ ਦਾ ਅਧਿਕਾਰ ਫੰਡਿੰਗ ਦੀ ਉਪਲਬਧਤਾ 'ਤੇ ਨਿਰਭਰ ਕਰਦਾ ਹੈ।

DSHS ਕੇਸ ਮੈਨੇਜਰ:

ਤੁਸੀਂ ਇਸ ਨੋਟਿਸ ਬਾਰੇ ਸਵਾਲਾਂ ਲਈ ਜਾਂ ਰਹਿਣ ਦੇ ਹੋਰ ਵਿਕਲਪਾਂ ਬਾਰੇ ਜਾਣਨ ਲਈ ਆਪਣੇ DSHS ਕੇਸ ਮੈਨੇਜਰ ਨਾਲ ਸੰਪਰਕ ਕਰ ਸਕਦੇ ਹੋ। ਤੁਹਾਡਾ DSHS ਕੇਸ ਮੈਨੇਜਰ ਹੈ:

DSHS ਕੇਸ ਮੈਨੇਜਰ ਦਾ ਨਾਂ
DSHS ਕੇਸ ਮੈਨੇਜਰ ਦੀ ਸੰਪਰਕ ਜਾਣਕਾਰੀ (ਫੋਨ ਅਤੇ ਈਮੇਲ)